

Long-Term Care Home Update

*Community Newsletter*

Lakeridge Health

**ਮਾਰਚ 2022**

## ਮਹੱਤਵਪੂਰਨ ਪ੍ਰਦਰਸ਼ਨ ਪ੍ਰਾਪਤ ਕੀਤਾ

2 ਮਾਰਚ ਨੂੰ, Lakeridge Gardens ਨੇ ਮਹੱਤਵਪੂਰਨ ਪ੍ਰਦਰਸ਼ਨ ਪ੍ਰਾਪਤ ਕੀਤਾ। ਇੱਕ ਵੱਡੀ ਪ੍ਰਾਪਤੀ, ਮਹੱਤਵਪੂਰਨ ਪ੍ਰਦਰਸ਼ਨ ਸਾਰੇ ਵੱਡੇ ਨਿਰਮਾਣ ਦੇ ਮੁਕੰਮਲ ਹੋਣ ਦਾ ਅਤੇ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਹੋਮ ਦੀਆਂ ਚਾਬੀਆਂ ਇਸ ਨੂੰ ਸੰਚਾਲਿਤ ਕੀਤੇ ਜਾਣ ਲਈ Lakeridge Health ਨੂੰ ਸੌਂਪ ਦਿੱਤੀਆਂ ਗਈਆਂ ਹਨ। ਇਸ ਮਹੀਨੇ ਹੋਮ ਦੇ ਰਸਮੀ ਉਦਘਾਟਨ ਦੀ ਯੋਜਨਾ ਦੇ ਨਾਲ, Lakeridge Health ਆਪਣੀ ਅੰਤਿਮ ਯੋਜਨਾਬੰਦੀ ਅਤੇ ਨਿਵਾਸੀਆਂ ਦੇ ਰਹਿਣ ਦੀਆਂ ਤਿਆਰੀਆਂ ਨੂੰ ਜਾਰੀ ਰੱਖੇਗੀ।

ਇਸ ਮੀਲ ਪੱਥਰ ਅਤੇ ਹੋਮ ਦੀ ਸ਼ਾਨਦਾਰ ਪ੍ਰਗਤੀ ਨੂੰ ਚਿੰਨ੍ਹਿਤ ਕਰਨ ਲਈ, PCL Construction ਨੇ ਇੱਕ ਛੋਟੀ ਦਸਤਾਵੇਜ਼ੀ ਫਿਲਮ ਬਣਾਈ ਹੈ। ਵੀਡੀਓ ਸ਼ੁਰੂ ਤੋਂ ਲੈ ਕੇ ਅੰਤ ਤੱਕ ਹੋਮ ਬਣਾਉਣ ਲਈ ਯੋਜਨਾਬੰਦੀ, ਨਵੀਨਤਾਵਾਂ, ਅਤੇ ਭਾਈਵਾਲੀ ਦਾ ਪ੍ਰਦਰਸ਼ਨ ਕਰਦਾ ਹੈ।

**ਵੀਡੀਓ ਦੇਖਣ ਅਤੇ ਸ਼ੇਅਰ ਕਰਨ ਲਈ ਹੇਠਾਂ ਦਿੱਤੀ ਤਸਵੀਰ 'ਤੇ ਕਲਿੱਕ ਕਰੋ!**

### Lakeridge Gardens ਦੇ ਨੰਬਰ:

- ਮੁੱਖ ਨਿਰਮਾਣ ਨੂੰ ਹੈਰਾਨੀਜਨਕ **13 ਮਹੀਨਿਆਂ** ਵਿੱਚ ਪੂਰਾ ਕੀਤਾ ਗਿਆ ਸੀ। ਇੱਕ ਆਮ ਲੰਬੇ ਸਮੇਂ ਦੀ ਦੇਖਭਾਲ ਦੇ ਨਿਰਮਾਣ ਵਿੱਚ, ਜੇ ਸਾਲ ਨਹੀਂ, ਤਾਂ ਕਿਤੇ ਜ਼ਿਆਦਾ ਮਹੀਨੇ ਲੱਗਦੇ ਹਨ।
- Lakeridge Gardens ਵਿੱਚ ਪੂਰੇ ਹੋਮ ਵਿੱਚ **500 ਤੋਂ ਵੱਧ ਖਿੜਕੀਆਂ** ਅਤੇ **1,000 ਤੋਂ ਵੱਧ ਦਰਵਾਜ਼ੇ** ਲਗਾਏ ਗਏ ਹਨ।
- ਆਪਣੇ ਸਿਖਰ 'ਤੇ, Lakeridge Gardens ਵਿਖੇ ਇੱਕ ਦਿਨ ਵਿੱਚ **600 ਤੋਂ ਵੱਧ ਹੁਨਰਮੰਦ ਕਾਮੇ** ਕੰਮ ਕਰਦੇ ਦਿਖਾਈ ਦਿੱਤੇ।



## ਅਕਸਰ ਪੁੱਛੇ ਜਾਂਦੇ ਸਵਾਲ

### ਵਸਨੀਕ ਕਦੋਂ ਰਹਿਣ ਆਉਣਗੇ?

ਵਸਨੀਕਾਂ ਦੇ ਮੰਗਲਵਾਰ, 29 ਮਾਰਚ 2022 ਨੂੰ ਆਉਣਾ ਸ਼ੁਰੂ ਕਰਨ ਦੀ ਉਮੀਦ ਹੈ।

### ਕੀ ਮੈਂ Lakeridge Gardens ਦਾ ਦੌਰਾ ਕਰ ਸਕਦਾ/ਸਕਦੀ ਹਾਂ?

ਚੱਲ ਰਹੇ COVID-19 ਪ੍ਰੋਟੋਕੋਲਾਂ ਦੇ ਕਾਰਨ ਅਸੀਂ ਇਸ ਸਮੇਂ ਵਿਅਕਤੀਗਤ ਟੂਰ ਦੀ ਆਗਿਆ ਨਹੀਂ ਦੇ ਸਕਦੇ ਹਾਂ। ਹਾਲਾਂਕਿ, ਨਵੇਂ ਹੋਮ ਵਿੱਚ ਪਰਿਵਾਰਾਂ ਅਤੇ ਭਾਈਚਾਰੇ ਦੇ ਮੈਂਬਰਾਂ ਦੀ ਵਰਚੁਅਲ ਸੈਰ ਕਰਵਾਉਣ ਲਈ ਬਹੁਤ ਜਲਦੀ ਇੱਕ ਵੀਡੀਓ ਟੂਰ ਉਪਲਬਧ ਹੋਵੇਗਾ।

### ਮੁਲਾਕਾਤੀ ਕਿੱਥੇ ਪਾਰਕ ਕਰ ਸਕਦੇ ਹਨ?

Lakeridge Gardens ਦੇ ਸਾਹਮਣੇ ਲੰਬੇ ਸਮੇਂ ਦੀ ਦੇਖਭਾਲ ਮੁਲਾਕਾਤੀਆਂ ਲਈ ਸੀਮਤ ਗਿਣਤੀ ਵਿੱਚ ਪਾਰਕਿੰਗ ਸਥਾਨ ਹਨ। ਅਸੀਂ ਹੋਮ ਦੇ ਨਾਲ ਪਾਰਕਿੰਗ ਗੈਰੇਜ ਦਾ ਨਿਰਮਾਣ ਵੀ ਕਰ ਰਹੇ ਹਾਂ ਜੋ Lakeridge Gardens ਅਤੇ Lakeridge Health ਦੇ Ajax Pickering Hospital ਦੋਵਾਂ ਨੂੰ ਸੇਵਾ ਦੇਵੇਗਾ।

### Lakeridge Gardens ਵਿੱਚ ਟੀਮ ਦੇ ਕਿੰਨੇ ਮੈਂਬਰ ਕੰਮ ਕਰਨਗੇ?

Lakeridge Gardens ਵਿੱਚ 500 ਤੋਂ ਵੱਧ ਦੇਖਭਾਲ ਅਤੇ ਪ੍ਰਸ਼ਾਸਨਿਕ ਕਰਮਚਾਰੀ ਕੰਮ ਕਰਦੇ ਹਨ, ਜਿਨ੍ਹਾਂ ਸਾਰਿਆਂ ਨੂੰ ਬਹੁਤ ਜ਼ਿਆਦਾ ਸਿਖਲਾਈ ਮਿਲੀ ਹੈ ਅਤੇ ਉਹਨਾਂ ਕੋਲ ਲੰਬੇ ਸਮੇਂ ਦੀ ਦੇਖਭਾਲ ਵਿੱਚ ਕਈ ਸਾਲਾਂ ਦਾ ਅਨੁਭਵ ਹੈ।

### ਸੀਮਤ ਪਾਰਕਿੰਗ ਦੇ ਨਾਲ ਟੀਮ ਦੇ ਮੈਂਬਰ ਕਿੱਥੇ ਪਾਰਕ ਕਰਨਗੇ?

ਪਿਛਲੀ ਬਸੰਤ ਵਿੱਚ, ਇੱਕ ਲੰਬੇ ਸਮੇਂ ਤੋਂ ਚੱਲਦੇ ਆ ਰਹੇ ਸਥਾਨਕ ਮਾਲਕੀ ਵਾਲੇ ਪਰਿਵਾਰਕ ਕਾਰੋਬਾਰ ਨੇ Lakeridge Gardens ਵਿਖੇ ਪਾਰਕਿੰਗ ਵਿੱਚ ਮਦਦ ਕਰਨ ਲਈ Barr Road ਅਤੇ Monarch Avenue ਵਿੱਚ ਖੁੱਲ੍ਹੇ ਦਿਲ ਨਾਲ ਜ਼ਮੀਨ ਦਾਨ ਕੀਤੀ ਸੀ। ਜਦੋਂ ਤੱਕ ਪਾਰਕਿੰਗ ਗੈਰੇਜ ਪੂਰਾ ਨਹੀਂ ਹੋ ਜਾਂਦਾ, ਅਸੀਂ ਇਸ ਲਾਟ ਨੂੰ ਵਰਤਣਾ ਜਾਰੀ ਰੱਖਾਂਗੇ, ਅਤੇ ਸਟਾਫ ਹੋਮ ਅਤੇ ਪਾਰਕਿੰਗ ਸਥਾਨ ਦੇ ਵਿਚਕਾਰ ਸ਼ਟਲ ਕਰੇਗਾ।

### ਨਿਵਾਸੀਆਂ ਨੂੰ ਹੋਮ ਵਿੱਚ ਕਿਵੇਂ ਰੱਖਿਆ ਜਾਂਦਾ ਹੈ?

Durham Region ਵਿੱਚ ਲੰਬੇ ਸਮੇਂ ਦੇ ਕੇਅਰ ਹੋਮ ਦੀ ਪਲੇਸਮੈਂਟ ਦਾ ਪ੍ਰਬੰਧਨ ਅਤੇ ਤਾਲਮੇਲ Home and Community Care Support Services Central East ਦੁਆਰਾ ਕੀਤਾ ਜਾਂਦਾ ਹੈ। ਪਲੇਸਮੈਂਟ ਪ੍ਰਕਿਰਿਆ ਵਿੱਚ ਕੇਅਰ ਕੋਆਰਡੀਨੇਟਰ ਦੁਆਰਾ ਮੁਲਾਂਕਣ ਸਮੇਤ ਇੱਕ ਬਹੁ-ਭਾਗਾਂ ਵਾਲਾ ਮੁਲਾਂਕਣ ਸ਼ਾਮਲ ਹੁੰਦਾ ਹੈ, ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਡਾਕਟਰੀ ਇਤਿਹਾਸ ਦਾ ਸਹੀ ਰਿਕਾਰਡ ਹੈ, ਅਤੇ ਲੰਬੇ ਸਮੇਂ ਦੀ ਦੇਖਭਾਲ ਲਈ ਯੋਗਤਾ ਨਿਰਧਾਰਤ ਕਰਨ ਵਿੱਚ ਮਦਦ ਕੀਤੀ ਜਾ ਸਕੇ।

### ਮੁਲਾਕਾਤ ਦੇ ਨਿਯਮ ਕੀ ਹਨ?

Lakeridge Gardens ਲਈ ਮੁਲਾਕਾਤੀਆਂ ਨੂੰ COVID-19 ਦੇ ਟੀਕਾਕਰਨ ਦਾ ਸਬੂਤ ਦਿਖਾਉਣ ਦੀ ਲੋੜ ਹੈ। ਮੁਲਾਕਾਤੀਆਂ ਨੂੰ ਹੋਮ ਵਿੱਚ ਦਾਖਲ ਹੋਣ ਤੋਂ ਪਹਿਲਾਂ ਇੱਕ ਰੈਪਿਡ ਐਂਟੀਜੇਨ ਟੈਸਟ ਕਰਵਾਉਣ ਦੀ ਵੀ ਲੋੜ ਹੋਵੇਗੀ। ਸਾਰਾ ਸਟਾਫ, ਦੇਖਭਾਲ ਕਰਨ ਵਾਲੇ, ਮੁਲਾਕਾਤੀ ਅਤੇ ਨਿਵਾਸੀ ਜਨਤਕ ਸਿਹਤ ਉਪਾਵਾਂ ਦੀ ਪਾਲਣਾ ਕਰਨਾ ਜਾਰੀ ਰੱਖਣਗੇ ਜਿਵੇਂ ਕਿ ਦਾਖਲੇ ਵੇਲੇ ਸਕ੍ਰੀਨਿੰਗ ਅਤੇ ਟੈਸਟਿੰਗ, ਮਾਸਕ ਲਗਾਉਣੇ, ਸਰੀਰਕ ਦੂਰੀ, ਹੱਥਾਂ ਦੀ ਸਫਾਈ, ਅਤੇ ਬਿਮਾਰ ਹੋਣ 'ਤੇ ਘਰ ਰਹਿਣਾ।



*6 ਫਰਵਰੀ, 2022 ਨੂੰ 500-ਸਪਾਟ ਪਾਰਕਿੰਗ ਗੈਰੇਜ ਦੀ ਇੱਕ ਏਰੀਅਲ ਫੋਟੋ*




*Lakeridge Gardens ਦੇ ਅਗਲੇ ਪ੍ਰਵੇਸ਼ ਦੁਆਰ ਦਾ ਦ੍ਰਿਸ਼*

## Lakeridge Gardens ਦਾ ਨਵਾਂ ਫ਼ੋਨ ਨੰਬਰ ਅਤੇ ਈਮੇਲ

ਹੋਮ ਖੋਲ੍ਹਣ ਲਈ ਤਿਆਰ ਹੋਣ ਦੇ ਨਾਲ, Lakeridge Gardens ਲਈ ਸੰਪਰਕ ਜਾਣਕਾਰੀ ਬਦਲ ਗਈ ਹੈ। ਜੇਕਰ ਤੁਹਾਡੇ ਕੋਲ ਹੋਮ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਸਾਡੇ ਨਵੇਂ ਫ਼ੋਨ ਨੰਬਰ **905-428-5201 ਐਕਸਟੈਨਸ਼ਨ 17110** 'ਤੇ ਕਾਲ ਕਰੋ ਜਾਂ ਕਿਸੇ ਵੀ ਸਮੇਂ **LakeridgeGardens-info@lh.ca** ਤੇ ਈਮੇਲ ਭੇਜੋ।